# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ ( ਸੈ.ਸਿ ) ਬਠਿੰਡਾ

ਵੱਲ

ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ

ਸਸਸਸ/ਸਹਸ ਜ਼ਿਲ੍ਹਾ ਬਠਿੰਡਾ

ਪੱਤਰ ਨੰ. ਅ-7/1 ( ) 2023/739    ਮਿਤੀ:-25.09.2023

ਵਿਸ਼ਾ:- **ਸਲਾਨਾ ਗੁਪਤ ਰਿਪੋਰਟਾਂ ਸਾਲ 2022-23 ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ ਨੂੰ ਭੇਜਣ ਬਾਰੇ।**

ਹਵਾਲਾ:- ਇਸ ਦਫਤਰ ਦੇ ਪੱਤਰ ਨੰ ਅ-7/1 ( ) 2023/655 ਮਿਤੀ 09.06.2023 ਅਤੇ 682 ਮਿਤੀ 10.07.2023 ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਰਾਹੀਂ ਪਹਿਲਾਂ ਵੀ ਭੇਜ ਕੇ ਲਿਖਿਆ ਗਿਆ ਸੀ ਕਿ **ਪ੍ਰਿੰਸੀਪਲ ਅਤੇ ਮੁੱਖਅਧਿਆਪਕਾਂ** ਦੀਆਂ ਸਾਲ 2022-23 ਦੀਆਂ ਸਲਾਨਾ ਗੁਪਤ ਰਿਪੋਰਟਾਂ ਪਿਛਲੇ ਸਾਲ ਵਾਲੇ ਸੈਲਫ ਅਪ੍ਰੇਜਲ ਫਾਰਮ ਤਿੰਨ ਪੜਤਾਂ ਵਿੱਚ ਭਰਕੇ ਇਸ ਦਫਤਰ ਵਿਖੇ ਜਮਾਂ ਕਰਾਈਆਂ ਜਾਣ। ਪ੍ਰੰਤੂ ਕੁਝ ਸਕੂਲਾਂ ਵੱਲੋਂ ਹਾਲੇ ਤੱਕ ਵੀ ਨਹੀਂ ਭੇਜੀਆਂ ਗਈਆਂ।

ਸੋ ਆਪ ਜੀ ਨੂੰ ਫਿਰ ਤੋਂ ਸਖਤ ਹਦਾਇਤ ਕਰਦੇ ਹੋਏ ਲਿਖਿਆ ਜਾਂਦਾ ਹੈ ਕਿ ਰਹਿੰਦੇ ਸਕੂਲਾਂ ਦੇ **ਪ੍ਰਿੰਸੀਪਲ ਅਤੇ ਮੁੱਖਅਧਿਆਪਕਾਂ** ਦੀਆਂ ਸਾਲ 2022-23 ਦੀਆਂ ਸਲਾਨਾ ਗੁਪਤ ਰਿਪੋਰਟਾਂ **27.09.2023** ਤੱਕ ਜਮ੍ਹਾ ਕਰਾਉਣੀਆਂ ਯਕੀਨੀ ਬਣਾਈਆਂ ਜਾਣ। ਜੇਕਰ ਨਿਸ਼ਚਿਤ ਸਮੇਂ ਤੱਕ ਗੁਪਤ ਰਿਪੋਰਟਾਂ ਜਮ੍ਹਾਂ ਨਹੀ ਕਰਵਾਈਆਂ ਗਈਆਂ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਆਪ ਜੀ ਦੀ ਹੋਵੇਗੀ।

ਇਸ ਤੋਂ ਇਲਾਵਾ ਗਰੁੱਪ ਬੀ ਅਤੇ ਸੀ ਦੇ ਕਰਮਚਾਰੀਆਂ ਦੀਆਂ 2022-23 ਦੀਆਂ ਗੁਪਤ ਰਿਪੋਰਟਾਂ ਵੀ ਸੈਲਫ ਅਪ੍ਰੇਜਲ ਫਾਰਮ ਭਰਨ ਉਪਰੰਤ ਆਪਣੇ ਬਲਾਕ ਦੇ ਸਬੰਧਿਤ ਬੀ.ਐਨ.ਓ ਕੋਲ ਭੇਜੀਆਂ ਜਾਣ। ਰਹਿੰਦੇ ਸਬੰਧਿਤ ਬੀ.ਐਨ.ਓ ਆਪਣੇ ਸਕੂਲ ਦੇ ਗਰੁੱਪ ਬੀ ਅਤੇ ਸੀ ਦੇ ਕਰਮਚਾਰੀਆਂ ਦੀਆਂ ਸਾਲ 2022-23 ਦੀਆਂ ਗੁਪਤ ਰਿਪੋਰਟਾਂ ਭਰਕੇ ਇਸ ਦਫਤਰ ਨੂੰ ਮਿਤੀ **27.09.2023** ਤੱਕ ਭੇਜਣੀਆਂ ਯਕੀਨੀ ਬਣਾਉਣ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ

Scanned with OKEN Scanner